ਤੁਪਕਾ ਤੁਪਕਾ : ਅੰਤਰ ਮਨ ਦੀ ਕਵਿਤਾ

ਡਾਕਟਰ ਦੇਵਿੰਦਰ ਕੌਰ

ਭੂਪਿੰਦਰ ਪ੍ਰੀਤ ਦੀ ਕਵਿਤਾ ਦੀ ਉਮਰ ਅਜੇ ਇਕ ਦਹਾਕੇ ਤੋਂ ਵੀ ਦੋ ਸਾਲ ਘੱਟ ਹੈ। ਉਸਨੇ ਏਨੇ ਥੋੜ੍ਹੇ ਸਮੇਂ ਵਿਚ ਹੀ ਇਕ ਪ੍ਰੌੜ ਸ਼ਾਇਰ ਹੋਣ ਦਾ ਸਬੂਤ ਦਿਤਾ ਹੈ। ਆਪਣੀ ਤੀਸਰੀ ਕਾਵਿ- ਪੁਸਤਕ 'ਤੁਪਕਾ ਤੁਪਕਾ' ਵਿਚ ਉਹ ਕਵਿਤਾ ਦੀ ਕਾਵਿ-ਸੰਵੇਦਨਾ ,ਆਂਤਰਿਕ ਬਣਤਰ ਅਤੇ ਪੇਸ਼ਕਾਰੀ ਦੀ ਅਦਾਇਗੀ ਲੈ ਕੇ ਪਾਠਕਾਂ ਸਾਹਵੇਂ ਆਇਆ ਹੈ। ਇਸ ਤੋਂ ਪਹਿਲਾਂ 1999 ਵਿਚ 'ਹਰਫ਼ਾਂ ਜਿਹੇ ਪੱਤੇ' ਅਤੇ 2003 ਵਿਚ 'ਰੇਤ ਦਾ ਖ਼ੁਦਾ' ਵਰਗੀਆਂ ਕਾਵਿ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਾ ਹੈ।

ਭੂਪਿੰਦਰ ਪ੍ਰੀਤ ਦੀ ਕਵਿਤਾ ਨੂੰ ਪੜ੍ਹਦਿਆਂ ਜਿਹੜੀ ਗੱਲ ਪ੍ਰਭਾਵਿਤ ਕਰਦੀ ਹੈ ਉਹ ਹੈ ਉਸਦੀ ਕਵਿਤਾ ਦੀ ਆਂਤਰਿਕ ਬਣਤਰ। ਉਹ ਆਪਣੀਆਂ ਕਵਿਤਾਵਾਂ ਵਿਚ ਸਥਿਤੀਆਂ ਦੇ ਬਾਹਰੀ ਵਿਹਾਰ ਵਿਚੋਂ ਆਂਤਰਿਕਤਾ ਪਛਾਣਦਾ ਹੈ। ਅਸਲ ਵਿਚ ਬਾਹਰੀ ਵਿਹਾਰ ਅਤੇ ਆਂਤਰਿਕਤਾ ਉਸਦੀ ਕਵਿਤਾ ਵਿਚ ਸਮਾਨੰਤਰ ਪੱਧਰ ਤੇ ਵਿਚਰਦੇ ਹਨ। ਮਿਸਾਲ ਵੱਜੋਂ ਉਸਦੀ ਕਵਿਤਾ 'ਅੱਜ ਗੁਰਪੁਰਬ ਹੈ' ਲਈ ਜਾ ਸਕਦੀ ਹੈ। ਗੁਰਪੁਰਬ ਮਨਾਉਣ ਦੀ ਸਾਰੀ ਪ੍ਰਕਿਰਿਆ ਨੂੰ ਉਹ ਪ੍ਰਤੱਖਣ ਦੀ ਪੱਧਰ ਤੇ ਗ੍ਰਹਿਣ ਕਰਦਾ ਹੋਇਆ ਆਪਣੀ ਮਾਨਸਿਕਤਾ ਵਿਚ ਉਸਦੇ ਪ੍ਰਭਾਵ ਨੂੰ ਸਮਾਨੰਤਰ ਪੱਧਰ ਤੇ ਪੇਸ਼ ਕਰ ਜਾਂਦਾ ਹੈ। ਗੁਰਪੁਰਬ ਮਨਾਉਣ ਵੇਲੇ ਚਲਾਏ ਜਾਣ ਵਾਲੇ ਪਟਾਖਿਆਂ ਆਦਿ ਵਿਚਕਾਰ ਉਹ ਚੁੱਪ ਦਾ ਦੀਵਾ ਬਾਲ ਲੈਂਦਾ ਹੈ। ਇਸਤਰ੍ਹਾਂ ਕਰਨ ਨਾਲ ਬਾਹਰੀ ਸਥਿਤੀ ਅਤੇ ਅੰਤਰਮਨ ਦੀ ਖ਼ਾਮੋਸ਼ੀ ਇਕ ਦੂਜੇ ਨਾਲ ਸਮਾਨੰਤਰ ਪੱਧਰ ਤੇ ਜੁੜ ਜਾਂਦੇ ਹਨ। ਇੱਕ ਮਿਸਾਲ ਪੇਸ਼ ਹੈ:-

'ਚਮਕਦੀਆਂ ਰੋਸ਼ਨੀਆਂ ਦੀ ਸੜਕ ਤੋਂ ਪਾਰ
ਚੁੱਪ ਦਾ ਇਕ ਨਗਰ ਕੀਰਤਨ ਨਿਕਲ ਰਿਹਾ
ਮੇਰੇ ਅੰਦਰ

(ਤੁਪਕਾ ਤੁਪਕਾ, ਪੰਨਾ, 15)

ਭੂਪਿੰਦਰ ਪ੍ਰੀਤ ਦੀ ਕਵਿਤਾ ਵਿਚ ਸਿੱਖੀ ਜੀਵਨ ਨਾਲ ਸੰਬੰਧਿਤ ਸਭਿਆਚਾਰਕ ਚਿਹਨ ਉਸਦੀ ਕਵਿਤਾ ਦਾ ਮੁੱਖ ਪੈਰਾਡਾਈਮ ਸਿਰਜਦੇ ਹਨ। ਮਿਸਾਲ ਵੱਜੋਂ ਕੀਰਤਨ, ਚੜ੍ਹਾਵਾ, ਪਾਠੀ, ਪਾਤਸ਼ਾਹੀ, ਉਦਾਸੀਆਂ, ਅਰਦਾਸ, ਪ੍ਰਭਾਤ ਫੇਰੀ, ਗੁਰਪੁਰਬ, ਹਰਿਮੰਦਰ, ਪਰਿਕਰਮਾ, ਇਸ਼ਨਾਨ, ਛਬੀਲ, ਚਮਤਕਾਰ, ਜਪਜੀ, ਰਹਿਰਾਸ, ਆਦਿ। ਪਰੰਤੂ ਇਨ੍ਹਾਂ ਚਿਹਨਾ ਦੀ ਸਮਾਨੰਤਰ ਪੱਧਰ ਤੇ ਕਵੀ ਚੁੱਪ ਦੀ ਸਥਿਤੀ ਦੀ ਆਂਤਰਿਕ ਬਣਤਰ ਵੀ ਸਿਰਜ ਲੈਂਦਾ ਹੈ। ਮਿਸਾਲਾਂ ਹਨ:-

ਪਾਠੀ ਕਰ ਰਿਹਾ ਸੀ ਰੁਮਾਲਾ ਠੀਕ
ਮੇਰੇ ਅੰਦਰ ਤੁਰ ਰਿਹਾ ਸੀ
ਪੱਤੇ ਦਾ ਪ੍ਰਕਾਸ਼ ਪੰਨਾ,12

Document Produced by deskPDF Unregistered :: http://www.docudesk.com

ਅੱਜ ਗੁਰਪੁਰਬ ਹੈ
ਗੁਰੂ ਦਾ ਜਨਮ ਦਿਨ
ਮੈਂ
ਪਟਾਖਿਆਂ ਅਗਨ-ਚੱਕਰੀਆਂ ਤੇ ਹਵਾਈਆਂ ਵਿਚਕਾਰ
ਚੁੱਪ ਦਾ ਦੀਵਾ ਬਾਲ ਕੇ ਬੈਠਾ ਹਾਂ ਪੰਨਾ, 14

ਕਿਸ ਤਰ੍ਹਾਂ ਦਾ ਹਾਂ
ਕਿ ਡਰਬੀ ਘੋੜੇ ਦੀਆਂ ਟਾਪਾਂ 'ਚੋਂ
ਸਨ ਰਿਹਾ ਹਾਂ ਚੁੱਪ ਦਾ ਸੰਗੀਤ ਪੰਨਾ, 24

ਉਪਰੋਕਤ ਮਿਸਾਲਾਂ ਤੋਂ ਪਤਾ ਲਗਦਾ ਹੈ ਕਿ ਸ਼ਾਇਰ ਦੀ ਸੋਚ ਚੁੱਪ ਦੀ ਅਰਦਾਸ ਵਿਚ ਵਿਸ਼ਵਾਸ ਰੱਖਦੀ ਹੈ, ਲੇਕਿਨ ਬਾਹਰਲੀ ਸਥਿਤੀ ਵਿਚ ਹੋ ਰਹੀ ਪੈਸਿਆਂ ਵਾਲੀ ਅਰਦਾਸ ਉਸ ਅੰਦਰ ਚਿੰਤਨ ਦਾ ਦੀਵਾ ਬਾਲ ਦੇਂਦੀ ਹੈ। ਉਹ ਆਪਣੀ ਸੋਚ ਵਿਚ ਸਿੱਖ ਧਰਮ ਦੀ ਫਿਲਾਸਫ਼ੀ ਅਤੇ ਉਸ ਫਿਲਾਸਫ਼ੀ ਨਾਲ ਜੁੜੇ ਆਂਤਰਿਕ ਅਰਥਾਂ ਨੂੰ ਮਹੱਤਵ ਦੇਂਦਾ ਹੈ, ਪਰ ਬਾਹਰਲਾ ਕਾਰ ਵਿਹਾਰ ਉਸਦੀ ਸੋਚ ਨੂੰ ਜਗਾਉਂਦਾ ਹੈ। ਉਹ ਸਾਰਾ ਕੁਝ ਪ੍ਰਤੱਖਣ ਦੀ ਪੱਧਰ ਤੇ ਗ੍ਰਹਿਣ ਕਰਕੇ ਸਮੁੱਚੀ ਗੁਰੂ ਪਰੰਪਰਾ ਨੂੰ ਯਾਦ ਕਰਦਾ ਹੋਇਆ ਉਸਦੀ ਆਂਤਰਿਕ ਬਣਤਰ ਨੂੰ ਪਾਠਕਾਂ ਸਾਹਵੇਂ ਪੇਸ਼ ਕਰਦਾ ਹੈ। ਉਹ ਕਰਾਮਾਤ ਵਾਲੇ ਸੰਕਲਪ ਨੂੰ ਮਨੁੱਖੀ ਹਾਰ ਦੇ ਅਰਥਾਂ ਵਿੱਚ ਦੇਖਦਾ ਹੈ। ਇਕ ਮਿਸਾਲ ਪੇਸ਼ ਹੈ:-

ਛੇ ਮਹੀਨੇ ਹੋ ਗਏ ਨੇ ਬੱਚੀ ਨੂੰ ਇਸ਼ਨਾਨ ਕਰਾਉਂਦਿਆਂ
ਆਰਾਮ ਨਹੀਂ ਆ ਰਿਹਾ
ਦਿਲ 'ਚ ਸੋਚਦਾਂ
ਚਮਤਕਾਰ ਤਾਂ
ਆਦਮੀਂ ਦੀ ਹਾਰ ਦੀ ਪਹਿਲੀ ਨਿਸ਼ਾਨੀ
ਨਾਲ਼ੇ ਗੁਰੂਆਂ ਕੋਲ ਕਰਾਮਾਤ ਨਹੀਂ
ਅੰਤਰ-ਝਾਤ ਹੁੰਦੀ ਪੰਨਾ, 17

ਜ਼ਾਹਿਰ ਹੈ ਕਵੀ ਨੇ ਕਰਾਮਾਤ ਦੇ ਸਥਾਪਿਤ ਅਰਥ ਬਦਲ ਦਿੱਤੇ ਹਨ। ਪਰ ਇਸ ਨੂੰ ਉਹ ਕਵਿਤਾ ਦੀ ਕਾਵ-ਪ੍ਰਕਿਰਿਆ ਰਾਹੀਂ ਸਿਰਜਦਾ ਹੈ।ਇਥੇ ਵੀ ਉਹ ਕਰਾਮਾਤ ਦੇ ਆਂਤਰਿਕ ਅਰਥਾਂ ਵੱਲ ਸੰਕੇਤ ਕਰਦਾ ਹੈ।ਇਥੇ ਇਕ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਭੂਪਿੰਦਰ ਪ੍ਰੀਤ ਦੀ ਕਵਿਤਾ ਚਿਹਨਕ ਅਤੇ ਚਿਹਨਿਤ ਦੀ ਸੰਜੁਗਤੀ ਵਿੱਚੋਂ ਹੋਂਦ ਵਿੱਚ ਆਉਂਦੀ ਹੈ। ਇਹ ਮਹਿਜ਼ ਸ਼ਾਬਦਿਕ ਖੇਡ ਨਹੀਂ, ਇਸ ਵਿੱਚ ਸਮਾਜ ਨਾਲ ਸੰਬੰਧਿਤ ਸਾਰਥਿਕ ਵਿਸ਼ਿਆਂ ਨੂੰ ਵੀ ਪੇਸ਼ ਕੀਤਾ ਗਿਆ ਹੈ। ਏਸ ਦ੍ਰਿਸ਼ਟੀ ਤੋਂ ਭੂਪਿੰਦਰ ਪ੍ਰੀਤ ਦੀ ਕਵਿਤਾ ਸਮਾਜ ਦੇ ਵਧੇਰੇ ਸਰੋਕਾਰਾਂ ਨਾਲ ਜੁੜੀ ਹੋਈ ਹੈ। ਕਿਸੇ ਵੀ ਸਮਾਜ, ਕਿਸੇ ਵੀ ਸਭਿਆਚਾਰ ਵਿੱਚ ਧਰਮ ਦਾ ਬੜਾ ਵੱਡਾ ਰੋਲ ਹੁੰਦਾ ਹੈ। ਧਰਮ ਨਾਲ ਸੰਬੰਧਿਤ ਵਿਸ਼ਿਆਂ ਨੂੰ ਚੁਣਨਾ, ਉਨ੍ਹਾਂ ਦੇ ਬਾਹਰੀ ਪੇਤਲੇ ਰੂਪ ਨੂੰ ਸਾਹਮਣੇ ਲਿਆਉਣਾਂ,

Document Produced by deskPDF Unregistered :: http://www.docudesk.com

ਉਸਦੇ ਆਂਤਰਿਕ ਅਰਥਾਂ ਨੂੰ ਕਵਿਤਾ ਰਾਹੀਂ ਪੇਸ਼ ਕਰਨਾ ਇਕ ਤੇ ਜੁੱਰਤ ਦਾ ਕੰਮ ਹੈ, ਦੂਜਾ ਕਵੀ ਦੀ ਕਵਿਤਾ ਨਾਲ ਪ੍ਰਤਿਬੱਧਤਾ ਵੱਲ ਇਸ਼ਾਰਾ ਕਰਦਾ ਹੈ।ਵੈਸੇ ਵੀ ਭੂਪਿੰਦਰ ਪ੍ਰੀਤ ਇਹ ਮੰਨਦਾ ਹੈ:-

ਮੇਰੇ ਕੋਲ ਹੋਰ ਮੰਨਣ ਨੂੰ ਕੁਝ ਨਹੀਂ
ਮੇਰੇ ਖੁਲ੍ਹੇ ਹੋਏ ਹੱਥਾਂ ਨੂੰ
ਹੋਰ ਖੋਲ੍ਹ ਕੇ ਵੇਖ ਲਓ
ਵਿੱਚੋਂ ਕਵਿਤਾ ਲਈ ਅਰਦਾਸ ਦੇ
ਉਡਦੇ ਹੋਏ ਪੰਛੀ ਹੀ ਮਿਲਣਗੇ        ਪੰਨਾ, 13

ਇਕ ਗੱਲ ਹੋਰ ਜਿਹੜੀ ਇਸ ਕਵਿਤਾ ਵਿਚ ਮਿਲਦੀ ਹੈ ਉਹ ਇਹ ਹੈ ਕਿ ਕਵਿਤਾ ਦੇ ਥੀਮ ਵਿਚਲੀ ਆਂਤਰਿਕ ਬਣਤਰ ਸ਼ੋਰ ਦੀ ਧੁਨੀ ਵਿੱਚ ਵੀ ਬਰਕਰਾਰ ਰਹਿੰਦੀ ਹੈ। ਇਸ ਨੂੰ 'ਐਸੀ ਕੋਈ ਗੱਲ ਨਹੀਂ ' ਕਵਿਤਾ ਵਿਚੋਂ ਸਹਿਜੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਇਕ ਮਿਸਾਲ ਪੇਸ਼ ਹੈ:-

ਦੁਨੀਆਂ ਦੀਆਂ ਸਭ ਨਿੱਕੀਆਂ ਵੱਡੀਆਂ ਚੀਜ਼ਾਂ ਦੇ ਸ਼ੋਰ ਨੂੰ
ਜਗ੍ਹਾ ਦੇ ਕੇ ਵੀ ਬੱਚਾ ਸਕਦਾ
ਆਪਣੀ ਚੁੱਪ ਲਈ ਐਹਮ
ਕੇਂਦਰ ਤੇ ਨੁੱਕਰ ਵਾਲੀ ਜਗ੍ਹਾ       ਪੰਨਾ,29

ਚੁੱਪ ਦੀ ਅਵਾਜ਼ ਨੂੰ ਭੂਪਿੰਦਰ ਪ੍ਰੀਤ ਨੇ ਕਵਿਤਾ ਦੀ ਪਰਿਭਾਸ਼ਾ ਦੇ ਇਕ ਨੇਮ ਵਜੋਂ ਵਰਤਿਆ ਹੈ। ਕਵਿਤਾ ਦੇ ਸਫ਼ੇ ਨੂੰ ਉਹ ਚੁੱਪ ਦਾ ਸਫ਼ਾ ਮੰਨਦਾ ਹੈ। ਜਿਸ ਕਵਿਤਾ ਨੂੰ ਉਹ ਆਪਣੀ ਆਖ਼ਰੀ ਕਵਿਤਾ ਮੰਨਦਾ ਹੈ ਉਹਦੇ ਲਈ ਜ਼ਿੰਦਗੀ ਦੇ ਸ਼ੋਰ ਚੋਂ ਚੁੱਪ ਦੇ ਸਫ਼ੇ ਦੇ ਪਰਤਣ ਦੀ ਉਡੀਕ ਕਰ ਰਿਹਾ ਹੈ। ਉਸਦੀ 'ਚੁੱਪ ਦਾ ਸਫ਼ਾ' ਕਵਿਤਾ ਵਿਚਲੀ ਕਾਵਿ-ਮੈਂ  ਜ਼ਿੰਦਗੀ ਦੇ ਸ਼ੋਰ ਨੂੰ ਕਈ ਸਤਰਾਂ ਵਿਚ, ਕਈ ਨਜ਼ਮਾਂ ਵਿਚ ਢਾਲ ਚੁੱਕਾ ਹੈ, ਲੇਕਿਨ ਫਿਰ ਵੀ ਜਾਪਦਾ ਹੈ ਉਹ ਨਜ਼ਮ ਦੀ ਉਸ ਧਰਾਤਲ ਤੇ ਨਹੀਂ ਅਪੜਿਆ ਜਿਸ ਨੂੰ ਉਹ ਕਵਿਤਾ ਦੀ ਇੰਤਹਾ ਮਨ ਸਕੇ। ਕਵੀ ਅਨੁਸਾਰ ਕਵਿਤਾ ਉਹ ਹੈ ਜੋ ਅਜੇ ਵੀ ਅਣਲਿਖੀ ਹੈ ਤੇ ਉਸ ਅਣਲਿਖੀ ਕਵਿਤਾ ਦੀ ਭਾਲ ਵਿੱਚ ਹੀ ਕਈ ਸ਼ੋਰ ਚੋਂ ਜਨਮੀਆਂ ਨਜ਼ਮਾ ਲਿਖੀਆਂ ਜਾ ਚੁੱਕੀਆਂ ਨੇ। ਕਵੀ ਇਨ੍ਹਾਂ ਨਜ਼ਮਾ ਨਾਲ ਸੰਤੁਸ਼ਟ ਨਹੀਂ ਹੁੰਦਾ। ਉਸਦੀ ਤਲਾਸ਼ ਉਸ ਨਜ਼ਮ ਦੀ ਹੈ ਜੋ ਉਹਦੇ ਅੰਦਰ ਦੀ ਚੁੱਪ ਦੀ ਆਵਾਜ਼ ਹੋਵੇਗੀ। ਇਸ ਲਈ ਅਸਿੱਧੇ ਰੂਪ ਵਿਚ ਉਹ ਆਪਣੀਆਂ ਲਿਖੀਆਂ ਨਜ਼ਮਾਂ ਨੂੰ ਆਪ ਹੀ ਰੱਦ ਕਰਦਾ ਹੈ।ਮਿਸਾਲ ਹੈ:-

ਤੇ ਸਫ਼ਿਆਂ ਦੇ ਇਸ ਢੇਰ 'ਤੇ ਬੈਠਾ
ਉਡੀਕ ਰਿਹਾ ਹਾਂ
ਹਵਾ ਦੇ ਕਿਹੜੇ ਬੱਲੇ ਨਾਲ ਪਰਤੇਗਾ ਮੇਰੀ ਚੁੱਪ ਦਾ ਸਫ਼ਾ
ਜਿਸ ਤੇ ਉੱਕਰੀ ਏ ਇ ਮੇਰੀ
ਆਖ਼ਰੀ
ਇਕੋ ਇੱਕ
ਅਣਲਿਖੀ ਕਵਿਤਾ             ਪੰਨਾ, 98

Document Produced by deskPDF Unregistered :: http://www.docudesk.com

ਭੁਪਿੰਦਰ ਪ੍ਰੀਤ ਦੀ ਕਵਿਤਾ ਵਿਚ 'ਹਨੇਰਾ 'ਚੁੱਪ ਸਮਾਨ ਅਰਥਾਂ ਵਿਚ ਪੇਸ਼ ਹੋਏ ਹਨ। ਏਸੇ ਚੁੱਪ ਜਾਂ ਹਨੇਰੇ ਵਿਚੋਂ ਉਸਦੀ ਕਵਿਤਾ ਜਨਮ ਲੈਂਦੀ ਹੈ। ਚੁੱਪ ਦਾ ਹਨ੍ਹੇਰਾ ਉਸ ਲਈ ਸਮੁੰਦਰ ਦੀ ਗਹਿਰਾਈ ਵਰਗਾ ਹੁੰਦਾ ਹੈ ਜਿਸ ਵਿਚ ਕਵਿਤਾ ਦੀ ਜੀਵਨ ਸ਼ਕਤੀ ਲੁਕੀ ਹੁੰਦੀ ਹੈ। ਏਸ ਅਵਸਥਾ ਵਿਚ ਜਿਓਣ ਨੂੰ ਉਹ ਜਿਓਣ ਜੋਗੀ ਮੰਨਦਾ ਹੈ। ਮਿਸਾਲ ਹੈ:-

> ਮੇਰੀ ਮਿੱਟੀ'ਚ ਕੁਝ ਰੰਗੀਨ ਮਿਜਾਜ਼ ਸੁਪਨੇ ਹਨ
> ਜਿਸ ਕਰਕੇ ਮੈ ਹਨੇਰੇ ਨੂੰ ਇੰਤਹਾ ਦੀ ਹੱਦ ਤੱਕ
> ਮੋਹੱਬਤ ਕਰਦਾ ਹਾਂ
> ਜਿਓਣ ਦਾ ਏਹੋ ਸਲੀਕਾ ਹੈ ਮੇਰਾ          ਪੰਨਾ, 99

ਇਕ ਗੱਲ ਹੋਰ ਜਿਹੜੀ ਭੂਪਿੰਦਰ ਪ੍ਰੀਤ ਦੀ ਕਵਿਤਾ ਨੂੰ ਵਿਸ਼ੇਸ਼ ਬਣਾਉਂਦੀ ਹੈ, ਉਹ ਇਹ ਕਿ ਉਹ ਆਪਣੀ ਅੰਨਤਰਤਾ ਨੂੰ ਆਦਰਸ਼ ਦਾ ਲਿਬਾਸ ਨਹੀਂ ਪੁਆਉਂਦਾ। ਉਹ ਜੋ ਆਪਣੇ ਅੰਤਰਮਨ ਵਿਚ ਹੈ ਦਾ ਹੀ ਪ੍ਰਗਟਾਵਾ ਕਰਦਾ ਹੈ। ਇਹ ਅਸਲ ਵਿਚ ਇਹ ਸੱਚੀ ਕਵਿਤਾ ਦੀ ਨਿਸ਼ਾਨੀ ਹੈ। ਏਹੋ ਜਿਹੀ ਕਵਿਤਾ ਨੂੰ ਕਿਸੇ ਕਰਾਫਟ ਦੀ ਮੋਹਤਾਜੀ ਨਹੀਂ ਹੁੰਦੀ। ਬੱਸ ਅੰਤਰਮਨ ਹੀ ਕਵਿਤਾ ਦਾ ਹੋਂਦ-ਬਿੰਦੂ ਹੁੰਦਾ ਹੈ। ਇਹ ਖ਼ੁਸ਼ੀ ਦੀ ਗੱਲ ਹੈ ਕੇ ਭੂਪਿੰਦਰ ਪ੍ਰੀਤ ਨੇ ਕਵਿਤਾ ਦੇ ਉਸ ਹੋਂਦ ਬਿੰਦੂ ਨੂੰ ਆਪਣੀ ਕਵਿਤਾ ਦੇ ਕੇਂਦਰ ਵਿਚ ਰੱਖਿਆ ਹੈ। ਉਸਦੀ ਕਵਿਤਾ ਵਿਚਲੀ ਕਾਵਿ-ਮੈਂ ਪਰਦੇਸ ਜਾ ਕੇ ਜਿਵੇਂ ਆਪਣੇ ਵਤਨ ਨੂੰ ਭੁਲਦੀ ਹੈ ਉਸ ਸਥਿਤੀ ਨੂੰ ਉਹ ਹੇਰਵੇ, ਭੁਹੇਰਵੇ ਦਾ ਆਦਰਸ਼ਵਾਦੀ ਰੰਗ ਨਹੀਂ ਦੇਂਦਾ ਸਗੋ ਉਸ ਸਥਿਤੀ ਦਾ ਇਜ਼ਹਾਰ ਕਰ ਦੇਂਦਾ ਹੈ। ਇਸਤਰ੍ਹਾਂ ਕਵਿਤਾ ਆਪਣੇ ਰੂਪ ਅਤੇ ਵਸਤੂ ਦੇ ਸੁਮੇਲ ਚੋਂ ਆਪਣੀ ਹੋਂਦ ਧਾਰਦੀ ਹੈ। ਮਿਸਾਲ ਹੈ :-

> ਦੇਸ
> ਜਿਥੇ ਮੇਰੀਆਂ ਵਾਸਨਾਵਾਂ ਦੇ ਟੱਲ ਖੜਕਦੇ
> ਜਿਥੇ ਸਵੇਰੇ ਉਠਦਿਆਂ ਮੱਥੇ 'ਚ ਫਾਈਲ ਨਹੀਂ
> ਨਦੀ ਤੁਰਦੀ
> ਜਿਥੇ ਸਾਰਾ ਦਿਨ ਖ਼ੁਦ ਨੂੰ
> ਕਿਸੇ ਬੱਚੇ ਦੇ ਖ਼ਾਲੀ ਸਕੂਲ ਬੈਗ ਵਾਂਗ
> ਪਿੱਠ ਤੇ ਚੁੱਕੀ ਫਿਰਦਾ ਰਹਿੰਦਾ
> ਬੇਖ਼ਬਰ ਪੜ੍ਹਾਈ ਤੋਂ
> ਜਿਥੇ ਇੰਗਲਿਸ਼ ਬ੍ਰੇਕਫਾਸਟ ਕਰਦਿਆਂ
> ਧੁੰਦਲਾ ਜਿਹਾ ਚੇਤਾ ਵੀ ਨਹੀਂ ਆਉਂਦਾ
> ਆਪਣੇ ਸ਼ਹਿਰ ਦੀਆਂ ਸੜਕਾਂ'ਤੇ
> ਕੰਮ ਕਰਦੇ ਲੱਕ ਵਾਂਗ ਉਬਲਦੇ ਯਾਰਾਂ ਦਾ     ਪੰਨਾ, 111

Document Produced by deskPDF Unregistered :: http://www.docudesk.com

ਭੂਪਿੰਦਰ ਪ੍ਰੀਤ ਦੀ ਕਵਿਤਾ ਵਿਚ ਔਰਤ ਦੀ ਦੇਹ ਪੂਰੇ ਦੇ ਪੂਰੇ ਆਸ਼ਰਮ ਵਾਂਗ ਪੇਸ਼ ਹੋਈ ਹੈ। ਇਸ ਕਵਿਤਾ ਵਿਚਲੀ ਕਾਵਿ-ਮੈਂ ਇੱਕ ਕੁੜੀ ਦੇ ਨਾਲ ਸੰਭੋਗ ਦੀ ਪ੍ਰਕਿਰਿਆ ਵਿਚੋਂ ਆਸ਼ਰਮ ਦਾ ਸਾਰਾ ਮਾਹੌਲ ਸਿਰਜਦੀ ਹੈ।ਇਹ ਪ੍ਰਕਿਰਿਆ ਕਵਿਤਾ ਵਾਂਗ ਹੋਂਦ ਵਿਚ ਆਉਂਦੀ ਹੈ। ਲੇਕਿਨ ਇਥੇ ਇੱਕ ਗੱਲ ਧਿਆਨ ਰੱਖਣ ਯੋਗ ਹੈ ਕਿ ਆਸ਼ਰਮ ਇਕ ਸਭਿਆਚਾਰਕ ਚਿਹਨ ਹੈ ਜੋ 'ਸਮਾਜ' ਤੋ 'ਆਸ਼ਰਮ' ਅਰਥਾਤ ਸੰਸਕ੍ਰਿਤੀ ਤੋਂ ਸੰਸਕ੍ਰਿਤੀ ਤੱਕ ਦਾ ਸਫ਼ਰ ਤੈਅ ਕਰਦਾ ਹੈ। ਭੂਪਿੰਦਰ ਦੀ ਕਵਿਤਾ ਵਿਚ ਏਸ ਚਿਹਨ ਨੂੰ ਦੇਹ ਤੋਂ ਆਸ਼ਰਮ ਅਰਥਾਤ ਪ੍ਰਕਿਰਤੀ ਤੋਂ ਸੰਸਕ੍ਰਿਤੀ ਤੱਕ ਦੇ ਸਫ਼ਰ ਲਈ ਸਿਰਜਿਆ ਹੈ। ਉਹ ਅਸਲ ਵਿਚ ਦੇਹ ਅਤੇ ਆਸ੍ਰਮ ਵਿਚਲੀ ਵਿੱਥ ਖ਼ਤਮ ਕਰ ਦੇਂਦਾ ਹੈ ਅਤੇ ਫੇਰ ਉਸ ਆਸ਼ਰਮ ਵਿਚ ਉਸਦੀ ਕਾਵਿ-ਮੈਂ ਕਾਮ-ਕ੍ਰੀੜਾ ਰਾਹੀਂ ਪ੍ਰਕਿਰਿਆ ਵਿਚ ਵਿਚਰਦੀ ਹੈ।ਲੇਕਿਨ ਕਵਿਤਾ ਦੇ ਅਖੀਰ ਵਿਚ ਉਹ ਆਪ ਹੀ ਏਸ ਸਥਿਤੀ ਨੂੰ ਰੱਦ ਕਰਦਾ ਹੈ। ਜਦੋਂ ਕਾਮ ਕ੍ਰੀੜਾ ਦਾ ਕਾਰਜ ਪੂਰਾ ਹੁੰਦਾ ਹੈ ਉਦੋਂ ਯਥਾਰਥ ਸਥਿਤੀ ਵਾਪਸ ਪਰਤਦੀ ਹੈ ਤਾਂ ਆਸ਼ਰਮ ਵਰਗਾ ਸਾਰਾ ਮਾਹੌਲ ਬਦਲ ਜਾਂਦਾ ਹੈ। ਇਹ ਵੀ ਸੱਚੀ ਕਵਿਤਾ ਦੀ ਨਿਸ਼ਾਨੀ ਹੈ। ਮਿਸਾਲ ਹੈ :-

ਰੁਕਦਾ ਨਾਚ
ਖੋਲ੍ਹਦਾ ਅੱਖਾਂ
ਕਿਥੇ ਹੈ ਆਸ਼ਰਮ ਵਰਗੀ ਉਹ ਕੁੜੀ    ਪੰਨਾ, 28

ਭੂਪਿੰਦਰ ਪ੍ਰੀਤ ਦੀ ਇਸ ਪੁਸਤਕ ਵਿਚ ਭਿੰਨ ਭਿੰਨ ਰੰਗਾਂ ਵਾਲੀਆਂ ਨਜ਼ਮਾਂ ਹਨ ਲੇਕਿਨ ਸਾਰੀਆਂ ਨਜ਼ਮਾਂ ਵਿਚ ਇੱਕ ਗੱਲ ਸਾਂਝੀ ਹੈ, ਕਿ ਕਵਿਤਾ ਵਿਚ ਖ਼ਾਮੋਸ਼ੀ ਜਾਂ ਚੁੱਪ ਇੱਕ ਕੇਂਦਰ ਬਿੰਦੂ ਵਾਂਗ ਪੇਸ਼ ਹੁੰਦੀ ਹੈ। ਕਿਧਰੇ ਚੁੱਪ ਬਾਹਰ ਦੇ ਸ਼ੋਰ ਵਿੱਚ ਵੀ ਕਾਯੇਮ ਰਹਿੰਦੀ ਹੈ ਕਿਤੇ ਉਹ ਅੰਦਰ ਦੇ ਸ਼ੋਰ ਦੀ ਤਰਜਮਾਨੀ ਵੀ ਕਰਦੀ ਹੈ।ਏਥੇ ਉਸਦੀ ਕਵਿਤਾ 'ਸਿਧਾਰਥ 'ਚੋਂ ਮੈਂ' ਦੀਆਂ ਇਹ ਸਤਰਾਂ ਮਿਸਾਲ ਵਜੋਂ ਦਿਤੀਆਂ ਜਾ ਸਕਦੀਆਂ ਹਨ:-

ਉਹਦੇ ਸਫ਼ਰ 'ਚ ਛਾਂ ਨਹੀਂ ਧੁੱਪ ਸੀ
ਉਹਦੀ ਵਾਟ 'ਚ ਘੂੰਘਰੂ ਨਹੀਂ ਚੁੱਪ ਸੀ    ਪੰਨਾ, 127

ਇਹੀ ਨਹੀਂ ਭੂਪਿੰਦਰ ਪ੍ਰੀਤ ਕਈ ਵਾਰੀ ਮੋਨੋਲਾਗ ਦੀ ਵਿਧੀ ਰਾਹੀਂ ਆਪਣੇ ਆਪ ਨਾਲ ਗੱਲਾਂ ਕਰਨ ਦੀ ਪ੍ਰਕਿਰਿਆ ਵਿਚ ਵੀ ਚੁੱਪ ਦੇ ਹੱਕ ਵਿਚ ਆਪਣੀ ਰਾਏ ਪੇਸ਼ ਕਰ ਜਾਂਦਾ ਹੈ। ਏਹੋ ਜਿਹੀ ਕਵਿਤਾ ਵਿਚ ਉਹ ਜ਼ਿੰਦਗੀ ਦੀ ਸੂਝ ਵਿਚੋਂ ਚੁੱਪ ਦਾ ਮਹੱਤਵ ਪਛਾਣਦਾ ਹੈ ਅਤੇ ਆਪਣੇ ਆਪ ਨੂੰ ਸੰਬੋਧਿਤ ਹੋ ਚੁੱਪ ਦਾ ਮਹੱਤਵ ਉਜਾਗਰ ਕਰ ਜਾਂਦਾ ਹੈ:-

ਸ਼ਬਦਾਂ ਦੇ ਜਿਸ ਪਰਵਾਸ 'ਚੋਂ
ਤੂੰ ਅੱਜ ਕੱਲ੍ਹ ਲੰਘ ਰਿਹਾ
ਉਸ ਪਰਵਾਸ ਤੋਂ ਪਾਰ ਜਾਣ ਲਈ
ਚੁੱਪ ਦੇ ਭਰਵਾਸ 'ਚ ਸ਼ਾਮਿਲ ਹੋ    ਪੰਨਾ, 117

Document Produced by deskPDF Unregistered :: http://www.docudesk.com

ਭੂਪਿੰਦਰ ਪ੍ਰੀਤ ਨੇ ਕੁਝ ਨਜ਼ਮਾਂ ਆਪਣੀ ਵਲਾਇਤ ਦੀ ਫੇਰੀ ਦੌਰਾਨ ਲਿਖੀਆਂ ਹਨ। ਇਨ੍ਹਾਂ ਨਜ਼ਮਾ ਵਿਚ ਵੀ ਕਵੀ ਦੀ ਚੁੱਪ ਜਾਂ ਆਂਤਰਿਕ ਸਥਿਤੀ ਹੀ ਉਜਾਗਰ ਹੁੰਦੀ ਹੈ। ਸਰੀਰਕ ਤੌਰ ਤੇ ਉਹ ਲੈਸਟਰ ਦੇ ਕਬਰਿਸਤਾਨ ਵਿਚ ਬੈਠਾ ਹੋਇਆ ਵੀ ਮਾਨਸਿਕ ਤੌਰ ਤੇ ਕਿਧਰੇ ਹੋਰ ਹੈ।ਮਾਨਸਿਕ ਪੱਧਰ ਤੇ ਕਬਰਿਸਤਾਨ ਵਿਚ ਬੈਠਾ ਉਹ ਚੁੱਪ ਦਾ ਥੜ੍ਹਾ  ਸਿਰਜ ਲੈਂਦਾ ਹੈ ਜਿਸ ਤੇ ਉਸਦੀ ਦਾਦੀ ਆ ਕੇ ਬੈਠ ਜਾਂਦੀ ਹੈ ਅਤੇ ਉਸਦੇ ਏਸ ਸਫ਼ਰ ਨੂੰ ਜੀ ਆਇਆਂ ਆਖਦੀ ਹੈ। ਕਈ ਵਾਰੀ ਪੱਥਰਾਂ ਨਾਲ ਆਪਣੇ ਮਨ ਦੀਆਂ ਗੱਲਾਂ ਕਰਨ ਲੱਗ ਜਾਂਦਾ ਹੈ। ਇਹ ਸਭ ਕੁਝ ਉਸਦੀ ਕਵਿਤਾ ਦੀ ਆਂਤਰਿਕ ਬਣਤਰ ਵੱਲ ਹੀ ਸੰਕੇਤ ਕਰਦੇ ਹਨ। ਜਿਥੇ ਕਿਤੇ ਉਸਨੇ ਕਵਿਤਾ ਵਿਚ ਪ੍ਰਤੀਕ ਵਰਤੇ ਹਨ ਉਹ ਵੀ ਮਨ ਨਾਲ ਸੰਬੰਧਿਤ ਹਨ। ਮਿਸਾਲ ਵਜੋਂ 'ਮਨ ਦੀ ਮਛਲੀ', 'ਚੁੱਪ ਦਾ ਖ਼ਾਲੀ ਥੜ੍ਹਾ', 'ਚਿੰਤਨ ਦਾ ਚਿਹਰਾ', 'ਮੱਥੇ ,ਚ ਪਨਾਹ', 'ਚੁੱਪ ਵਰਗੀ ਬਾਤ', ਚੁੱਪ ਰਸਤੇ', 'ਚੁੱਪ ਦਾ ਦੀਵਾ', ਚੁੱਪ ਦਾ ਨਗਰ ਕੀਰਤਨ', ਆਦਿ। ਚੁੱਪ ਦਾ ਮਨ ਨਾਲ ਹੀ ਸੰਬੰਧ ਜੁੜਦਾ ਹੈ ਅਤੇ ਇਸ ਤਰ੍ਹਾਂ ਕੁੱਲ ਮਿਲਾ ਕੇ ਭੂਪਿੰਦਰ ਪ੍ਰੀਤ ਦੀ ਕਵਿਤਾ ਵਿਚਲੀ ਆਂਤਰਿਕ ਸੰਰਚਨਾ ਚੁੱਪ ਜਾਂ ਖ਼ਾਮੋਸ਼ੀ ਦੀ ਬਣਤਰ ਬਣ ਜਾਂਦੀ ਹੈ। ਸਮੁੱਚੀ ਕਵਿਤਾ ਦੇ ਪਾਠ ਤੋਂ ਬਾਅਦ ਪਾਠਕ ਦੇ ਮਨ ਉੱਪਰ ਜੋ ਪ੍ਰਭਾਵ ਬਚਦਾ ਹੈ ਉਹ ਭਾਸ਼ਕ ਚਿਹਨਾਂ ਦਾ ਨਹੀਂ ਖ਼ਾਮੋਸ਼ੀ ਜਾਂ ਚੁੱਪ ਦੇ ਸੰਸਾਰ ਦਾ ਬਚਦਾ ਹੈ। ਭੂਪਿੰਦਰ ਪ੍ਰੀਤ ਦੀ ਕਵਿਤਾ ਵਿਚ ਖ਼ਾਮੋਸ਼ੀ ਦੇ ਪੇਸ਼ ਹੋਣ ਦੀਆਂ ਕਾਈ ਪੱਧਰਾਂ ਹਨ। ਕਿਧਰੇ ਖ਼ਾਮੋਸ਼ੀ ਸਥਿਤੀ ਦੇ ਰੂਪ ਵਿਚ ਪੇਸ਼ ਹੁੰਦੀ ਹੈ, ਕਿਧਰੇ ਖ਼ਾਮੋਸ਼ੀ ਨੂੰ ਕਵੀ ਵਲੋਂ ਸੁਚੇਤ ਤੌਰ ਤੇ ਸਿਰਜਿਆ ਗਿਆ ਹੈ ਅਤੇ ਕਿਧਰੇ ਇਹ ਖ਼ਾਮੋਸ਼ੀ ਕਵਿਤਾ ਦੀ ਪਾਠ-ਪ੍ਰਕਿਰਿਆ ਦੌਰਾਨ ਪਾਠਕ ਦੇ ਅੰਦਰ ਕਾਰਜਸ਼ੀਲ ਹੁੰਦੀ ਹੈ। ਖ਼ਾਮੋਸ਼ੀ ਕਈ ਅਰਥਾਂ ਨੂੰ ਉਜਾਗਰ ਕਰਦੀ ਹੈ। ਕਈ ਅਰਥਾਂ ਨੂੰ ਉਜਾਗਰ ਕਰਨ ਵਾਲੀ ਇਸ ਕਵਿਤਾ ਦਾ ਸਵਾਗਤ ਹੈ।

*********************************

Document Produced by deskPDF Unregistered :: http://www.docudesk.com